
Cover Page

INTERNATIONAL JOURNAL OF MULTIDISCIPLINARY EDUCATIONAL RESEARCH
ISSN:2277-7881(Print); IMPACT FACTOR :10.16(2026); IC VALUE:5.16; ISI VALUE:2.286
Peer-Peer Reviewed, Refereed & Open Access International Journal - As per UGC Norms
(Fulfilled Suggests Parameters of UGC by IJMER)
Volume:15, Issue:7(1), July 2026
Scopus Review ID: A2B96D3ACF3FEA2A
Article Received: Reviewed: Accepted
Publisher: Sucharitha Publication, India
Online Copy of Article Publication Available: www.ijmer.in

# ਪੰਜਾਬੀ ਸਾਹਿਤ ਚਿੰਤਨ ਵਿਚ ਆਧੁਨਿਕਤਾ ਦਾ ਸੰਕਲਪ:ਪੁਨਰ ਚਿੰਤਨ

**ਸਤਿਨਾਮ ਸਿੰਘ**
**ਖੋਜਾਰਥੀ, ਪੰਜਾਬੀ ਅਧਿਐਨ ਸਕੂਲ**
**ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ**

ਪੰਜਾਬੀ ਦੇ ਜ਼ਿਆਦਾਤਰ ਚਿੰਤਕ ਆਧੁਨਿਕਤਾ ਨੂੰ ਪੂੰਜੀਵਾਦ ਦੇ ਪ੍ਰਭਾਵ ਵਜੋਂ ਦੇਖਦੇ ਹਨ। ਪੰਜਾਬੀ ਚਿੰਤਨ ਦੀ ਬਸਤੀਵਾਦੀ ਚੇਤਨਾ ਦਾ ਸਬੂਤ ਇਹ ਹੈ ਕਿ ਇਸ ਨੇ ਆਧੁਨਿਕਤਾ ਨੂੰ ਬਸਤੀਵਾਦ ਨਾਲ ਜੋੜ ਲਿਆ ਹੈ। ਇਸ ਨਾਲ ਦੋ ਮਹੱਤਵਪੂਰਨ ਪੱਖ ਉਭਰਦੇ ਹਨ ਪਹਿਲਾਂ ਬਸਤੀਵਾਦ ਅਤੇ ਪੂੰਜੀਵਾਦੀ ਦੇ ਅਸਲ ਚਰਿੱਤਰ ਦੀ ਸਮਝ ਤੋਂ ਵਾਂਝੇ ਰਹਿਣਾ, ਦੂਜਾ ਆਧੁਨਿਕਤਾ ਦੀ ਵਿਗਿਆਨਿਕ ਸਮਝ ਤੋਂ ਕੋਰੇ ਰਹਿਣਾ। ਪੰਜਾਬੀ ਚਿੰਤਨ ਉਧਾਰੇ ਦਾ ਚਿੰਤਨ ਹੈ। ਇਸ ਵਿੱਚ ਆਪਣੀ ਖਸਤਲ ਅਤੇ ਪਦਾਰਥਕ ਪਰਸਥਿਤੀਆਂ ਤੋਂ ਉਪਜੀ ਚੇਤਨਾ ਵੀ ਉਧਾਰੇ ਦੀ ਚੇਤਨਾ ਹੈ ਕਿਉਂਕਿ ਇਹ ਗੁਲਾਮ ਮਾਨਸਿਕਤਾ ਦਾ ਚਿੰਤਨ ਹੈ:

"ਬਸਤੀਕਾਰਾਂ ਨੇ ਭਾਰਤੀ ਸਮਾਜ ਲਈ ਜੋ ਇਤਿਹਾਸ ਦਾ ਮਾਡਲ ਅਤੇ ਸਮਾਜਿਕ ਦ੍ਰਿਸ਼ਟੀ ਪ੍ਰਦਾਨ ਕੀਤੀ, ਉਸੇ ਨੂੰ ਸਵੀਕਾਰ ਕੇ ਅਸੀਂ ਸਮਾਜ, ਇਤਿਹਾਸ, ਸਾਹਿਤ ਅਤੇ ਸਭਿਆਚਾਰ ਦੀ ਵਿਆਖਿਆ ਆਰੰਭ ਕਰ ਦਿੱਤੀ। ਵਿਡੰਬਨਾ ਇਹ ਵੀ ਹੈ ਕਿ ਦੇਸ਼ ਦੀ ਆਜ਼ਾਦੀ ਉਪਰੰਤ ਵੀ ਉਤਪੰਨ ਹੋਏ ਵਿਦਿਆਚਾਰ ਵਿੱਚ ਵੀ ਅਸੀਂ ਉਸੇ ਕੁਝ ਨੂੰ ਦੁਹਰਾਉਣ ਵਿੱਚ ਵਿਅਸਤ ਰਹੇ ਹਾਂ। ਪੰਜਾਬੀ ਸਾਹਿਤ ਅਧਿਅਨ ਵਿੱਚ ਅਜਿਹੀਆਂ ਹੀ ਭਰਮਮੂਲਕ, ਅਵਿਗਿਆਨਕ, ਅੰਤਰਮੁਖੀ ਅਤੇ ਬਸਤੀਵਾਦੀ ਵਿਚਾਰਧਾਰਕ ਦ੍ਰਿਸ਼ਟੀ ਤੋਂ ਬਣਾਈਆਂ ਧਾਰਨਾਵਾਂ ਅੱਜ ਵੀ ਜਿਉ ਦੀਆਂ ਤਿਉਂ ਹਨ।" 1

ਪੰਜਾਬੀ ਚਿੰਤਨ ਆਧੁਨਿਕਤਾ ਨੂੰ ਪੂੰਜੀਵਾਦ ਦੇ ਪ੍ਰਭਾਵ ਵਜੋਂ ਦੇਖਦਾ ਹੈ। ਇੱਥੇ ਕੁਝ ਪ੍ਰਮੁੱਖ ਚਿੰਤਕਾਂ ਦੇ ਹਵਾਲੇ ਨਾਲ ਇਸ ਤੱਥ ਨੂੰ ਵਿਚਾਰਿਆ ਜਾ ਸਕਦਾ ਹੈ। ਡਾ. ਕਰਮਜੀਤ ਸਿੰਘ, John Wain ਦੇ ਹਵਾਲੇ ਨਾਲ ਲਿਖਦੇ ਹਨ ਕਿ, "ਪੱਛਮ ਵਿੱਚ ਆਧੁਨਿਕਤਾ ਦਾ ਉਦੈ 19ਵੀਂ ਸਦੀ ਦੇ ਅੰਤ ਵਿੱਚ ਸਨਅਤੀ ਯੁਗ ਅਤੇ ਸ਼ਹਿਰੀ ਸਭਿਅਤਾ ਦੇ ਸਥਾਪਿਤ ਹੋਣ ਨਾਲ ਹੋਇਆ।" 2

ਉਪਰੋਕਤ ਧਾਰਨਾ ਨੂੰ ਜਦ ਡਾ. ਅਤਰ ਸਿੰਘ ਦੀ ਧਾਰਨਾ ਦੇ ਸਮਵਿਥ ਰੱਖਦੇ ਹਾਂ ਤਾਂ ਆਧੁਨਿਕਤਾ ਦਾ ਬਿਲਕੁਲ ਵੱਖਰਾ ਪਰਿਪੇਖ ਬਣਦਾ ਹੈ। ਉਹਨਾਂ ਅਨੁਸਾਰ:

"ਚਿੰਤਨ ਅਤੇ ਸਾਹਿਤਕ ਕਲਾ ਦੇ ਖੇਤਰ ਵਿੱਚ ਆਧੁਨਿਕਤਾ ਦਾ ਸੰਬੰਧ ਉਸ ਵਿਸ਼ੇਸ਼ ਮਾਨਸਿਕ, ਬੌਧਿਕ ਤੇ ਭਾਵੁਕ ਅਵਸਥਾ ਨਾਲ ਹੈ ਜਿਹੜੀ ਪੱਛਮ ਵਿੱਚ 17ਵੀਂ ਅਤੇ 18ਵੀਂ ਸਦੀ ਵਿੱਚ ਵਿਗਿਆਨਕ ਸੂਝ-ਬੂਝ ਨਾਲ ਪ੍ਰਕਿਰਤੀ ਉੱਤੇ ਮਨੁੱਖ ਦੇ ਵਾਸਤੇ ਅਧਿਕਾਰ ਨਾਲ ਪੈਦਾ ਹੋਣੀ ਸ਼ੁਰੂ ਹੋਈ। ਇਸ ਗੱਲ ਨੇ ਇੱਕ ਪਾਸੇ ਤਾਂ ਮਨੁੱਖ ਤੇ ਪ੍ਰਕਿਰਤੀ ਦੇ ਆਪਸੀ ਸੰਬੰਧਾਂ ਦੀ ਨਵੇਂ ਸਿਰਿਓਂ ਵਿਉਤਬੰਦੀ ਦੀ ਅਵਸ਼ਕਤਾ ਪੈਦਾ ਕੀਤੀ ਦੂਜੇ ਪਾਸੇ ਪ੍ਰਕਿਰਤੀ ਦੀਆਂ ਸ਼ਕਤੀਆਂ ਤੇ ਨਿਯਮਾਂ ਨੂੰ ਲੱਭ ਕੇ ਉਹਨਾਂ ਨੂੰ ਵਰਤਣ ਅਤੇ ਉਹਨਾਂ ਦੀ ਵਰਤੋਂ ਨਾਲ ਪ੍ਰਕਿਰਤੀ ਨੂੰ ਬਦਲਣ ਲਈ ਨਿੱਤ ਨਵੀਆਂ ਤੇ ਚੰਗੇਰੀਆਂ ਮਸ਼ੀਨਾਂ ਦੀ ਕਾਢ ਕੱਢਣ ਦੀ ਰੁਚੀ ਨੂੰ ਉਤੇਜਿਤ ਕੀਤਾ। ਇਸ ਰੁਚੀ ਦਾ ਆਧਾਰ ਸਨ ਪ੍ਰਯੋਗ, ਪ੍ਰਯੋਗ ਤੋਂ ਪ੍ਰਾਪਤ ਹੋਇਆ ਗਿਆਨ ਅਤੇ ਉਸ ਗਿਆਨ ਦੀ ਸਹਾਇਤਾ ਨਾਲ ਹੋਰ ਨਵੇਂ ਪ੍ਰਯੋਗ ਅਤੇ ਨਵੀਆਂ ਮਸ਼ੀਨਾਂ ਜਿਨ੍ਹਾਂ ਦਾ ਅਰਥ ਹੁੰਦਾ ਘਟੀਆ ਮਸ਼ੀਨਾਂ ਦਾ ਤਿਆਗ।... ਫਿਰ ਉਸ ਪ੍ਰੇਰਨਾ ਵੱਲ ਨਵੀਆਂ ਸਮਾਜਿਕ ਸ਼ਕਤੀਆਂ ਉਭਰੀਆਂ ਜਿਹਨਾਂ ਦੇ ਅਰੋਕ ਵਿਕਾਸ ਲਈ ਜ਼ਰੂਰੀ ਸੀ ਕਿ ਮਨੁੱਖੀ ਸੋਚ ਅਤੇ ਕੀਮਤਾਂ ਦਾ ਬੰਧਨ ਨਵੇਂ ਸਿਰਿਓ ਬੰਨਿਆ ਜਾਵੇ। ਅੰਨੇ-ਵਿਸ਼ਵਾਸ ਅਤੇ ਨਿਰੰਕੁਸ਼ਵਾਦ ਦੇ ਟਾਕਰੇ ਉੱਤੇ ਨਿਆਂਇ, ਤਰਕ ਤੇ ਪ੍ਰਯੋਗਵਾਦੀ ਅਕਲੀ ਵਤੀਰਾ ਮਨੁੱਖੀ ਚਿੰਤਨ ਦੇ ਆਧਾਰ ਬਣਨ ਲੱਗੇ। ਬੀਜ ਰੂਪ ਵਿੱਚ ਇਹ ਰੁਚੀ ਆਧੁਨਿਕਤਾ ਦਾ ਆਰੰਭ ਸੀ।" 3

ਇਸ ਤਰ੍ਹਾਂ ਪੰਜਾਬੀ ਚਿੰਤਨ ਵਿੱਚ ਆਧੁਨਿਕਤਾ ਪ੍ਰਤੀ ਦੋ ਵੱਖ ਵੱਖ ਹੀ ਨਹੀਂ ਬਲਕਿ ਪੂਰੀ ਤਰ੍ਹਾਂ ਵਿਰੋਧੀ ਸਮਝਾਂ ਬਣਦੀਆਂ ਹਨ। ਡਾ. ਕਰਮਜੀਤ ਸਿੰਘ ਅੱਗੇ ਲਿਖਦੇ ਹਨ:

Cover Page

INTERNATIONAL JOURNAL OF MULTIDISCIPLINARY EDUCATIONAL RESEARCH
ISSN:2277-7881(Print); IMPACT FACTOR :10.16(2026); IC VALUE:5.16; ISI VALUE:2.286
Peer-Peer Reviewed, Refereed & Open Access International Journal - As per UGC Norms
(Fulfilled Suggests Parameters of UGC by IJMER)
Volume:15, Issue:7(1), July 2026
Scopus Review ID: A2B96D3ACF3FEA2A
Article Received: Reviewed: Accepted
Publisher: Sucharitha Publication, India
Online Copy of Article Publication Available: www.ijmer.in

"ਉਦਯੋਗਕ ਯੁਗ ਅਤੇ ਇਸਦੇ ਫਲਸਰੂਪ ਪੈਦਾ ਹੋਈ ਨਵੀਂ ਸ਼ਹਿਰੀ ਸਭਿਅਤਾ ਆਧੁਨਿਕ ਸੰਵੇਦਨਾ ਦੀ ਪ੍ਰਮੁੱਖ ਪ੍ਰੇਰਕ ਸ਼ਕਤੀ ਬਣੀ। ਭਾਰਤ ਵਿੱਚ ਆਧੁਨਿਕ ਚੇਤਨਾ ਦਾ ਯੁਗ ਅੰਗਰੇਜ਼ੀ ਰਾਜ ਦੀ ਸਥਾਪਤੀ ਨਾਲ ਆਰੰਭ ਹੋਇਆ ਜਦੋਂ ਪੱਛਮ ਵਿੱਚ ਪੈਦਾ ਹੋਈ ਨਵੇਂ ਗਿਆਨ, ਵਿਗਿਆਨ ਅਤੇ ਇਸ ਦੇ ਫਲਸਰੂਪ ਵਿਕਸਿਤ ਹੋਈ ਸਾਂਸਕ੍ਰਿਤਿਕ ਚੇਤਨਾ ਨੇ ਭਾਰਤੀ ਜੀਵਨ ਅਤੇ ਸੰਸਕ੍ਰਿਤੀ ਦੇ ਯੁਗਾਂ ਪੁਰਾਣੇ ਆਧਾਰਾਂ ਅਤੇ ਸੰਸਥਾਵਾਂ ਨੂੰ ਝੰਜੋੜ ਕੇ ਭਾਰਤ ਦੀ ਆਰਥਕ, ਰਾਜਨੀਤਕ, ਸਮਾਜਕ ਵਿਵਸਥਾ ਅਤੇ ਸੰਸਕ੍ਰਿਤਿਕ ਚੇਤਨਾ ਵਿੱਚ ਉਹ ਸਥਿਤੀ ਪੈਦਾ ਕਰ ਦਿੱਤੀ, ਜਿਸ ਨੂੰ ਆਧੁਨਿਕਤਾ ਦਾ ਖਮੀਰ ਕਿਹਾ ਜਾ ਸਕਦਾ ਹੈ।" 4

ਡਾ. ਕਰਮਜੀਤ ਸਿੰਘ ਦੀ ਉਪਰੋਕਤ ਧਾਰਨਾ ਬਸਤੀਵਾਦੀ ਦ੍ਰਿਸ਼ਟੀ ਦੀ ਧਾਰਨਾ ਹੈ ਜੋ ਆਧੁਨਿਕਤਾ ਨੂੰ ਸ਼ਹਿਰੀ ਸਭਿਅਤਾ ਅਤੇ ਸਨਅਤ ਨਾਲ ਜੋੜ ਕੇ ਇਸ ਨੂੰ ਗ੍ਰਾਮੀਣ ਦੇ ਵਿਰੋਧ ਵਜੋਂ ਸਥਾਪਿਤ ਕਰਦੀ ਹੈ। ਇਸ ਤੋਂ ਇਹ ਅਰਥ ਵੀ ਨਿਕਲਦਾ ਹੈ ਕਿ ਭਾਰਤ ਦੀ ਅਰਥ-ਵਿਵਸਥਾ ਜਾਂ ਸਮਾਜ-ਸਭਿਆਚਾਰਕ, ਰਾਜਨੀਤਕ, ਧਾਰਮਕ ਸੰਸਥਾਵਾਂ ਦਾ ਵਿਘਟਨ ਆਧੁਨਿਕਤਾ ਨੇ ਕੀਤਾ ਇਸ ਵਿਚ ਪੂੰਜੀਵਾਦ ਦੀ ਕੋਈ ਵੀ ਭੂਮਿਕਾ ਨਹੀਂ ਹੈ। ਇਹ ਬਸਤੀਵਾਦ ਦੇ ਪੱਖ ਵਿੱਚ ਤਾਂ ਖਰੀ ਉਤਰਦੀ ਹੈ ਨਾਲ ਹੀ ਇਹ ਆਧੁਨਿਕਤਾ ਦੇ ਤਾਰਕਿਕ, ਵਿਗਿਆਨਿਕ ਅਤੇ ਵਿਸ਼ਲੇਸ਼ਣੀ ਸੁਭਾਅ ਨੂੰ ਵੀ ਖਾਰਜ ਕਰਦੀ ਹੈ। ਗ੍ਰਾਮ ਜਾਂ ਦਿਹਾਤ ਇੱਕ ਭੂਗੋਲਿਕ ਅਤੇ ਸਥੂਲ ਇਕਾਈ ਦੇ ਨਾਲ-ਨਾਲ ਇੱਕ ਸੰਕਲਪ ਵੀ ਹੈ ਜਿਸ ਦੇ ਸਾਮੰਤੀ ਯੁਗ ਵਿੱਚ ਆਪਣੇ ਵਿਸ਼ੇਸ਼ ਉਤਪਾਦਨ ਦੇ ਰਿਸ਼ਤੇ ਅਤੇ ਵਿਸ਼ੇਸ਼ ਉਤਪਾਦਨ ਵਿਵਸਥਾ ਸੀ। ਗ੍ਰਾਮੀਣ ਦੇ ਸੰਪੱਤੀ ਸਬੰਧ, ਉਤਪਾਦਨ ਪੱਧਤੀ ਅਤੇ ਪ੍ਰਥਾਵਾਂ ਪੂੰਜੀ ਦੇ ਵਿਕਾਸ ਵਿੱਚ ਰੁਕਾਵਟ ਸਨ। ਇਹ ਸਭ ਇੰਗਲੈਂਡ ਦੇ ਸਬੰਧ ਵਿੱਚ ਪਹਿਲਾਂ ਵਿਚਾਰ ਆਏ ਹਾਂ। ਡਾ. ਕਰਮਜੀਤ ਸਿੰਘ ਜਿਸ ਨੂੰ ਆਧੁਨਿਕ ਦੱਸ ਰਹੇ ਹਨ ਉਹ ਪੂੰਜੀਵਾਦ ਦੇ ਵਿਕਾਸ ਦਾ ਇੱਕ ਪੜਾਅ ਹੈ ਅਤੇ ਉਹ ਜਿਸ ਨੂੰ ਆਧੁਨਿਕਤਾ ਕਹਿ ਰਹੇ ਹਨ ਅਸਲ ਵਿਚ ਉਹ ਬਸਤੀਵਾਦੀ ਆਧੁਨਿਕਤਾ ਹੈ। ਇਸਦਾ ਅੰਤਰ ਨਿਖੇੜ ਕਰਨਾ ਜ਼ਰੂਰੀ ਸੀ। ਇਸ ਤਰ੍ਹਾਂ ਡਾ. ਕਰਮਜੀਤ ਸਿੰਘ ਆਧੁਨਿਕਤਾ ਨੂੰ ਵਿਸ਼ਵ ਦ੍ਰਿਸ਼ਟੀ ਦੀ ਥਾਂ ਇੱਕ ਪ੍ਰਭਾਵ ਵਜੋਂ ਚਿਤਵਦੇ ਹਨ।

ਦੂਸਰੀ ਧਾਰਨਾ ਡਾ. ਅਤਰ ਸਿੰਘ ਦੀ ਹੈ। ਉਹ ਆਧੁਨਿਕਤਾ ਨੂੰ ਇੱਕ ਦਾਰਸ਼ਨਿਕ ਸੰਕਲਪ ਵਜੋਂ ਪਰਿਭਾਸ਼ਿਤ ਕਰਦੇ ਹਨ। ਉਹ ਆਧੁਨਿਕਤਾ ਦਾ ਉਦਭਵ ਕਾਲ ਵੀ ਭਿੰਨ ਸਿੱਧ ਕਰਦੇ ਹਨ। ਉਹਨਾਂ ਦੁਆਰਾ ਵਰਤੀ ਗਈ ਭਾਸ਼ਾ ਅਤੇ ਉਸਦੀ ਰਮਜ਼, ਜਿਵੇਂ ਪ੍ਰਕਿਰਤੀ ਉੱਤੇ ਮਨੁੱਖ ਦੇ ਵਾਸਤੇ ਅਧਿਕਾਰ, ਚੰਗੇਰੀਆਂ ਤੇ ਨਵੀਆਂ ਮਸ਼ੀਨਾਂ ਦੀ ਕਾਢ, ਪੁਰਾਣੀਆਂ ਮਸ਼ੀਨਾਂ ਦਾ ਤਿਆਗ, ਮਨੁੱਖ ਅਤੇ ਪ੍ਰਕਿਰਤੀ ਦੇ ਸਬੰਧਾਂ ਦੀ ਨਵੇਂ ਸਿਰਿਓਂ ਵਿਤਬੰਦੀ ਜਾਂ ਪ੍ਰਕਿਰਤੀ ਦੀਆਂ ਸ਼ਕਤੀਆਂ ਅਤੇ ਨਿਯਮਾਂ ਨੂੰ ਲੱਭ ਕੇ ਉਹਨਾਂ ਨੂੰ ਵਰਤ ਕੇ ਪ੍ਰਕਿਰਤੀ ਨੂੰ ਬਦਲਣਾ ਆਦਿ ਆਧੁਨਿਕਤਾ ਦੇ ਸਰੂਪ ਅਤੇ ਪ੍ਰਯੋਜਨ ਨੂੰ ਸਪਸ਼ਟ ਕਰ ਦਿੰਦੇ ਹਨ ਕਿ ਆਧੁਨਿਕਤਾ ਮਨੁੱਖ ਦੇ ਅਧਿਕਾਰ ਵਾਸਤੇ ਕਾਰਜਸ਼ੀਲ ਹੈ। ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਡਾ. ਅਤਰ ਸਿੰਘ "ਆਧੁਨਿਕਤਾ ਨੂੰ ਜੀਵਨ ਦ੍ਰਿਸ਼ਟੀ ਦੇ ਰੂਪ ਵਿੱਚ ਸਵੀਕਾਰਦੇ ਹਨ ਜੋ ਪੂਰਵਲੀ ਸਾਮੰਤੀ ਅਤੇ ਧਰਮ ਕੇਂਦਰਤ ਦ੍ਰਿਸ਼ਟੀ ਦੀ ਥਾਂ ਬੁਰਜੁਆ ਅਤੇ ਵਿਗਿਆਨ ਕੇਂਦਰਿਤ ਦ੍ਰਿਸ਼ਟੀ ਹੈ।...ਉਹ ਇਤਿਹਾਸਕ ਸਰੂਪ ਅਤੇ ਇਤਿਹਾਸਿਕ ਵਿਵੇਕ ਰਾਹੀਂ ਆਧੁਨਿਕਤਾ ਨੂੰ ਬੋਧ ਦੇ ਪੱਧਰ ਉੱਪਰ ਸਥਾਪਿਤ ਕਰਦਾ ਹੈ।" 5

ਪੰਜਾਬੀ ਦੇ ਪ੍ਰਮੁੱਖ ਸਾਹਿਤ ਚਿੰਤਨ ਸੰਤ ਸਿੰਘ ਸੇਖੋਂ, ਡਾ. ਸੁਤਿੰਦਰ ਸਿੰਘ ਨੂਰ, ਡਾ. ਹਰਿਭਜਨ ਸਿੰਘ, ਡਾ. ਰਵਿੰਦਰ ਸਿੰਘ ਰਵੀ ਜਿਹੇ ਚਿੰਤਕਾਂ ਦੀਆਂ ਆਧੁਨਿਕਤਾ ਬਾਰੇ ਧਾਰਨਾਵਾਂ ਨਾਲ ਸੰਵਾਦ ਕਰਨਾ ਵਿਸਥਾਰ ਜਾਪਦਾ ਹੈ ਕਿਉਂਕਿ ਇਹਨਾਂ ਦੀਆਂ ਧਾਰਨਾਵਾਂ ਦੀ ਪਰਖ-ਪੜਚੋਲ ਡਾ. ਸਰਬਜੀਤ ਸਿੰਘ ਨੇ ਆਪਣੇ ਖੋਜ-ਪੱਤਰ "ਆਧੁਨਿਕਤਾ ਦੀ ਤਲਾਸ਼ ਕਰਦਿਆਂ" 6 ਵਿੱਚ ਕੀਤੀ ਹੈ। ਦੁਹਰਾਓ ਤੋਂ ਬਚਣ ਲਈ ਇਹਨਾਂ ਚਿੰਤਕਾਂ ਤੋਂ ਅਗਲੇ ਚਿੰਤਕਾਂ ਦੀਆਂ ਆਧੁਨਿਕਤਾ ਬਾਬਤ ਧਾਰਨਾਵਾਂ ਨੂੰ ਪੜਚੋਲਣਾ ਹੀ ਉਚਿਤ ਜਾਪਦਾ ਹੈ।

ਆਧੁਨਿਕਤਾ ਬਾਰੇ ਡਾ. ਧਨਵੰਤ ਕੌਰ ਦੀ ਸਮਝ ਵੀ ਉਹੀ ਹੈ ਜੋ ਡਾ. ਕਰਮਜੀਤ ਸਿੰਘ ਹੋਰਾਂ ਦੀ ਹੈ। ਇੱਕ ਬੁਨਿਆਦੀ ਫ਼ਰਕ ਜੋ ਹੈ ਉਹ ਏਨਾ ਹੈ ਕਿ ਡਾਕਟਰ ਧਨਵੰਤ ਕੌਰ ਆਧੁਨਿਕ ਯੁੱਗ ਦਾ ਆਰੰਭ ਬਿੰਦੂ ਪੁਨਰ-ਜਾਗਰਣ ਨੂੰ ਮੰਨਦੇ ਹਨ ਜੋ ਕਿ ਪੰਦਰਵੀਂ ਸਦੀ ਵਿੱਚ ਹੋਇਆ ਅਤੇ ਇਸ ਦਾ ਅਸਲ ਸਰੂਪ ਅਤੇ ਸ਼ਨਾਖ਼ਤ ਨੂੰ ਉਹ ਸਨਅਤੀ ਯੁਗ ਅਤੇ ਸ਼ਹਿਰੀ ਸਭਿਅਤਾ ਨਾਲ ਜੋੜ ਦਿੰਦੇ ਹਨ।7

ਡਾ. ਧਨਵੰਤ ਕੌਰ ਦੀ ਉਪਰੋਕਤ ਧਾਰਨਾ ਦਾ ਆਧਾਰ ਵੀ ਡਾ. ਕਰਮਜੀਤ ਸਿੰਘ ਵਾਲਾ ਹੀ ਹੈ: ਬਸਤੀਵਾਦੀ ਦ੍ਰਿਸ਼ਟੀ। ਭਾਰਤ ਦੇ ਪ੍ਰਸੰਗ ਵਿੱਚ ਚਰਚਾ ਕਰਦਿਆਂ ਉਹ ਲਿਖਦੇ ਹਨ:

"ਭਾਰਤੀ ਇਤਿਹਾਸ ਵਿੱਚ ਆਧੁਨਿਕ ਯੁੱਗ ਦਾ ਆਰੰਭ ਅਠਾਰਵੀਂ ਸਦੀ ਦੇ ਪਿਛਲੇ ਅੱਧ ਤੋਂ ਮੰਨਿਆ ਜਾਂਦਾ ਹੈ। ਜਦੋਂ ਦੇਸ਼ ਦੇ ਦੱਖਣ ਪੱਛਮੀ ਅਤੇ ਪੂਰਵੀ ਭਾਗਾਂ ਵਿੱਚ ਅੰਗਰੇਜ਼ਾਂ ਦਾ ਸ਼ਾਸਨ ਸਥਾਪਤ ਹੋ ਗਿਆ ਸੀ। ਭਾਵੇਂ, ਆਧੁਨਿਕ ਭਾਰਤ ਦੀ ਰੂਪ-ਰੇਖਾ 1857 ਤੋਂ ਬਾਅਦ ਹੀ ਨਿਖਰਨੀ ਸ਼ੁਰੂ

Cover Page

INTERNATIONAL JOURNAL OF MULTIDISCIPLINARY EDUCATIONAL RESEARCH
ISSN:2277-7881(Print); IMPACT FACTOR :10.16(2026); IC VALUE:5.16; ISI VALUE:2.286
Peer-Peer Reviewed, Refereed & Open Access International Journal - As per UGC Norms
(Fulfilled Suggests Parameters of UGC by IJMER)
Volume:15, Issue:7(1), July 2026
Scopus Review ID: A2B96D3ACF3FEA2A
Article Received: Reviewed: Accepted
Publisher: Sucharitha Publication, India
Online Copy of Article Publication Available: www.ijmer.in

ਹੋਈ। ਇਸੇ ਤਰ੍ਹਾਂ ਵਿਭਿੰਨ ਭੂਮੀ-ਖੰਡਾ, ਸਮਾਜਾਂ ਅਤੇ ਸੱਭਿਆਚਾਰਾਂ ਦੇ ਵਿਕਾਸ ਦੇ ਪ੍ਰਸੰਗ ਵਿੱਚ ਇਸਦੇ ਵਿਭਿੰਨ ਸਮਿਆਂ ਵਿੱਚ ਆਰੰਭ ਹੋਣ ਦੇ ਪ੍ਰਮਾਣ ਦੀ ਵਿਦਮਾਨ ਹਨ।" 8

ਡਾ. ਧਨਵੰਤ ਕੌਰ ਦੀ ਉਪਰੋਕਤ ਧਾਰਨਾ ਤੋਂ ਸਵਾਲ ਪੈਦਾ ਹੁੰਦਾ ਹੈ ਕਿ ਇਤਿਹਾਸ ਵਿੱਚ ਯੁਗ ਪਰਿਵਰਤਨ ਦਾ ਆਧਾਰ ਰਾਜਸੀ ਸ਼ਕਤੀਆਂ ਹੁੰਦੀਆਂ ਹਨ ਜਾਂ ਇਸਦਾ ਸਬੰਧ ਉਤਪਾਦਨ ਦੀ ਪ੍ਰਕਿਰਿਆ ਨਾਲ ਹੁੰਦਾ ਹੈ? ਦੂਜਾ ਸਵਾਲ ਇਹ ਵੀ ਪੈਦਾ ਹੁੰਦਾ ਹੈ ਕਿ ਆਧੁਨਿਕਤਾ ਦੇ ਪ੍ਰਸੰਗ ਵਿੱਚ 1857 ਈ. ਨੂੰ ਆਧਾਰ ਮੰਨ ਲੈਣ ਦਾ ਤਰਕ ਕੀ ਹੈ? ਉਪਰੋਕਤ ਧਾਰਨਾ ਤੋਂ ਇਹ ਜਾਪਦਾ ਹੈ ਕਿ ਡਾ. ਧਨਵੰਤ ਕੌਰ ਅਤੇ ਡਾ. ਸੁਤਿੰਦਰ ਸਿੰਘ ਨੂਰ ਦੋਵੇਂ ਰਾਜਸੀ ਕਾਰਨਾਂ ਨੂੰ ਯੁਗ ਪਰਿਵਰਤਨ ਅਤੇ ਆਧੁਨਿਕਤਾ ਦਾ ਆਧਾਰ ਮੰਨਦੇ ਹਨ ਜੋ ਕਿ ਅਵਿਗਿਆਨਿਕ ਅਤੇ ਬਸਤੀਵਾਦੀ ਦ੍ਰਿਸ਼ਟੀ ਨੂੰ ਪ੍ਰਗਟਾਉਂਦਾ ਹੈ। ਪੰਜਾਬੀ ਇਤਿਹਾਸਕਾਰ ਰਾਜਪਾਲ ਸਿੰਘ9 ਵੀ ਬਸਤੀਵਾਦ ਅਤੇ ਆਧੁਨਿਕਤਾ ਨੂੰ ਜੋੜ ਕੇ ਦੇਖਦੇ ਸਨ। ਇਹਨਾਂ ਚਿੰਤਕਾਂ ਦੇ ਚਿੰਤਨ ਦੀ ਬੁਨਿਆਦੀ ਖਾਮੀ ਇਹ ਹੈ ਕਿ ਇਹ ਆਧੁਨਿਕਤਾ ਨੂੰ ਇਕ ਵਿਸ਼ਵ-ਦ੍ਰਿਸ਼ਟੀ ਵਜੋਂ ਦੇਖਣ ਦੀ ਬਜਾਇ ਪ੍ਰਭਾਵ ਵਿਚੋਂ ਉਪਜੀ ਚੇਤਨਾ ਵਜੋਂ ਦੇਖਦੇ ਹਨ। ਇਹ ਬਸਤੀਵਾਦ ਦੇ ਤਰਕ ਅਤੇ ਚਿੰਤਨ ਦਾ ਪੰਜਾਬੀ ਚਿੰਤਨ 'ਤੇ ਪਿਆ ਪਰਛਾਵਾਂ ਹੈ।

ਡਾ. ਰਤਨ ਸਿੰਘ ਜੱਗੀ ਸਾਹਿੱਤ ਕੋਸ਼ ਪਾਰਿਭਾਸ਼ਿਕ ਸ਼ਬਦਾਵਲੀ ਵਿੱਚ ਲਿਖਦੇ ਹਨ:

"ਆਧੁਨਿਕ ਯੁਗ ਵਿੱਚ ਬ੍ਰਹਿਮੰਡ ਬਾਰੇ ਜਾਣਨ ਦੀ ਜਗਿਆਸਾ ਅਤੇ ਮਾਨਵ ਮਨ ਦੇ ਅੰਦਰਲੇ ਦੀ ਪਛਾਣ ਦੀ ਲਾਲਸਾ ਦੀ ਉਤਸੁਕਤਾ ਨਾਲ ਵਿਗਿਆਨੀਆਂ ਤੇ ਮਨੋਵਿਗਿਆਨੀਆਂ ਨੇ ਅਨੇਕ ਪ੍ਰਯੋਗ ਕੀਤੇ ਅਤੇ ਉਹਨਾਂ ਦੇ ਆਧਾਰ 'ਤੇ ਬ੍ਰਹਿਮੰਡ, ਮਾਨਵ ਮਨ ਅਤੇ ਮਾਨਵ ਸਰੀਰ ਦੇ ਰਿਸ਼ਤਿਆਂ ਬਾਰੇ ਕਈ ਪ੍ਰਸ਼ਨਾਂ ਨੂੰ ਸੁਲਝਾਉਣ ਲਈ ਯਤਨ ਕੀਤੇ।" 10

ਡਾ. ਰਤਨ ਸਿੰਘ ਜੱਗੀ ਆਪਣੇ ਇਸ ਕੋਸ਼ ਵਿੱਚ ਬੇਸ਼ੱਕ ਆਧੁਨਿਕਤਾ ਦੇ ਸਰੂਪ ਅਤੇ ਸੰਕਲਪ ਬਾਰੇ ਸਪਸ਼ਟ ਤੌਰ 'ਤੇ ਕੁਝ ਨਹੀਂ ਕਹਿੰਦੇ ਪਰ ਉਹਨਾਂ ਦਾ ਉਪਰੋਕਤ ਕਥਨ ਆਧੁਨਿਕਤਾ ਦੇ ਸੁਭਾਅ ਵੱਲ ਇਸ਼ਾਰਾ ਜ਼ਰੂਰ ਕਰਦਾ ਹੈ। ਆਧੁਨਿਕਤਾ ਪੂਰਵ-ਨਿਰਧਾਰਤ ਨਿਯਮਾਂ ਨੂੰ ਖਾਰਜ ਕਰਦੀ ਹੈ ਅਤੇ ਵਰਤਾਰਿਆਂ ਵਿੱਚ ਕਾਰਜਸ਼ੀਲ ਹਕੀਕੀ ਨਿਯਮਾਂ ਦੀ ਤਲਾਸ਼ ਕਰਦੀ ਹੈ। ਇਸ ਕਰਕੇ ਇਸ ਦੇ ਮੁੱਖ ਲੱਛਣਾਂ ਵਿੱਚੋਂ ਇੱਕ ਜਗਿਆਸਾ ਹੈ।

"ਆਧਨਿਕਤਾ ਦੇ ਸੰਕਲਪ ਦਾ ਇਹ ਪਰਿਪੇਖ ਵਿਸ਼ੁਧ ਸੁਚੇਤਨਾ (ਜਾਗਰੁਕਤਾ) ਦਾ ਪਰਿਪੇਖ ਹੈ ਜੋ ਇਤਿਹਾਸ ਚੱਕਰ ਵਿੱਚ ਮਨੁੱਖ ਦੀ ਸਭ ਤੋਂ ਵੱਡੀ ਉਪਲਬਧੀ ਹੈ। ਇਸ ਸੁਚੇਤਨਾ ਨੂੰ ਮਨੁੱਖ ਨੇ ਖੁਦ ਆਪਣੀ ਕਿਰਤ ਰਾਹੀਂ ਪੈਦਾ ਕੀਤਾ ਹੈ। ਸੁਚੇਤਨਾ ਵਿਦਰੋਹ ਅਤੇ ਕ੍ਰਾਂਤੀ ਦੀ ਜਨਮਦਾਤੀ ਹੈ। ਇਸਦੇ ਮੂਲ ਵਿੱਚ ਨਿਰਮਾਣ ਅਤੇ ਵਿਘਟਨ ਦਾ ਮਿਸ਼ਰਣ ਹੈ। ਕਿਹਾ ਗਿਆ ਹੈ ਕਿ ਸੁਚੇਤਨਾ ਅਵਸਰਵਾਦਤਾ, ਵਿਵਸਥਾ ਤੰਤਰ, ਪ੍ਰਭੂਸੱਤਾ ਦੀ ਵਿਰੋਧੀ ਹੈ। ਪੀੜੀਆਂ ਤੋਂ ਪ੍ਰਯੋਗ ਵਿੱਚ ਲਿਆਂਦੇ ਜਾ ਰਹੇ ਰੂੜੀ ਵਿਵੇਕ ਪ੍ਰਤੀ ਉਦਾਸਹੀਨ ਹੈ।... ਸੁਚੇਤਨਾ ਤੀਬਰ ਅਤੇ ਸੁਤੰਤਰ ਹੈ। ਵਿਸ਼ਵ ਜੋਤੀ ਹੈ। ਇਹ ਆਦਮੀ ਦੀ ਸਭ ਤੋਂ ਵੱਡੀ ਸ਼ਕਤੀ ਹੈ।" 11

ਸਪਸ਼ਟ ਹੈ ਜਗਿਆਸਾ, ਸੁਚੇਤਨਾ ਜਾਂ ਜਾਗਰੂਕਤਾ ਹੀ ਉਹ ਮੁੱਖ ਬਿੰਦੂ ਹੈ ਜਿੱਥੋਂ ਮਨੁੱਖੀ ਚੇਤਨਾ ਧਰਮ ਤੋਂ ਪਾਸਾ ਵੱਟ ਵਿਗਿਆਨ ਦੇ ਰਾਹ ਪੈਂਦੀ ਹੈ। ਸੁਚੇਤਨਾ ਆਧੁਨਿਕਤਾ ਦੇ ਮੂਲ ਵਿੱਚ ਕਾਰਜਸ਼ੀਲ ਹੈ। ਆਧੁਨਿਕਤਾ ਨੂੰ ਉਦਯੋਗਿਕ ਕ੍ਰਾਂਤੀ ਦੇ ਪ੍ਰਭਾਵ ਵਜੋਂ ਪਰਿਭਾਸ਼ਿਤ ਕਰਨ ਵਾਲਿਆਂ ਵਿੱਚ ਅਗਲਾ ਚਿੰਤਕ ਡਾ. ਚਰਨ ਸਿੰਘ ਗਿੱਲ ਹਨ ਉਹਨਾਂ ਅਨੁਸਾਰ:

"ਅਜਿਹੀ ਗੱਲ ਜਿਹੜੀ ਮੱਧ ਯੁਗ ਤੋਂ ਵੱਖਰੀ ਹੋਵੇ, ਆਧੁਨਿਕ ਹੈ। ਮੱਧਯੁਗ ਨਾਲੋਂ ਵੱਖਰੀ ਗੱਲ ਦੇ ਅਰਥ ਹਨ- ਧਰਮ ਦੇ ਨਵੇਂ ਅਰਥ। ਕਿਉਂਕਿ ਮੱਧਯੁਗ ਵਿੱਚ ਹਰ ਗੱਲ ਦਾ ਆਧਾਰ ਧਰਮ ਹੈ ਇਸ ਲਈ ਨਵੇਂ ਯੁੱਗ ਵਿੱਚ ਉਹੀ ਗੱਲ ਆਧੁਨਿਕ ਹੈ ਜਿਹੜੀ ਧਰਮ ਦੀਆਂ ਗ਼ਲਤ ਪ੍ਰਚੱਲਤ ਕੀਮਤਾਂ ਪ੍ਰਤੀ ਅਸੰਤੁਸ਼ਟਤਾ ਦਰਸਾਉਂਦੀ ਹੈ। ਆਧੁਨਿਕ ਮਨੁੱਖ ਦੀ ਪਰਿਭਾਸ਼ਾ ਹੀ ਅਜਿਹੀ ਦਿੱਤੀ ਗਈ ਹੈ ਕਿ ਉਹ ਮਨੁੱਖ ਆਧੁਨਿਕ ਹੈ ਜਿਹੜੇ ਜਿਹੜਾ ਆਪਣੇ ਧਰਮ ਦੇ ਪਰਮ ਸਤਿ ਅਤੇ ਆਧੁਨਿਕਤਾ ਦੇ ਪਰਮ ਸਤਿ ਦੀ ਸੰਧੀ ਵਿੱਚ ਵਿਸ਼ਵਾਸ ਰੱਖਦਾ ਹੋਵੇ।"12

ਉਪਰ ਅੰਕਿਤ ਧਾਰਨਾ ਜਿੱਥੇ ਆਧੁਨਿਕਤਾ ਬਾਰੇ ਸਹੀ-ਸਹੀ ਪਹੁੰਚ ਬਣਾਉਂਦੀ ਲੱਗਦੀ ਹੈ ਉਥੇ ਅੰਤ ਵਿੱਚ ਆ ਕੇ ਇਕ ਸਵਾਲ ਪੈਦਾ ਹੋ ਜਾਂਦਾ ਹੈ ਕਿ ਆਪਣੇ ਧਰਮ ਦੇ ਪਰਮ ਸਤਿ ਅਤੇ ਆਧਨਿਕਤਾ ਦੇ ਪਰਮ ਸੱਚ ਤੋਂ ਕੀ ਭਾਵ ਹੈ? ਇਹਨਾਂ ਦੀ ਸੰਧੀ ਤੋਂ ਕੀ ਭਾਵ ਹੈ? ਆਧੁਨਿਕਤਾ ਅਤੇ ਧਰਮ ਜਿਵੇਂ ਕਿ ਪਹਿਲਾਂ ਹੀ ਸਿੱਧ ਹੋ ਚੁੱਕਿਆ ਹੈ ਦੋਵੇਂ ਇੱਕ ਦੂਜੇ ਤੋਂ ਵੱਖਰੇ ਹੀ ਨਹੀਂ ਸਗੋਂ ਇੱਕ ਦੂਜੇ ਦੇ ਵਿਰੋਧੀ ਅਤੇ ਬੇਜੋੜ ਵੀ ਹਨ। ਇਸ ਲਈ ਉੱਪਰ ਅੰਕਿਤ ਡਾ. ਚਰਨ ਸਿੰਘ ਗਿੱਲ ਦੇ ਵਿਚਾਰ ਆਧੁਨਿਕਤਾ ਬਾਰੇ ਪ੍ਰਮਾਣਿਕ ਨਹੀਂ ਮੰਨੇ ਜਾ ਸਕਦੇ। ਇਸ ਹੀ ਨਿਬੰਧ ਵਿੱਚ ਡਾ. ਚਰਨ ਸਿੰਘ

Cover Page
INTERNATIONAL JOURNAL OF MULTIDISCIPLINARY EDUCATIONAL RESEARCH
ISSN:2277-7881(Print); IMPACT FACTOR :10.16(2026); IC VALUE:5.16; ISI VALUE:2.286
Peer-Peer Reviewed, Refereed & Open Access International Journal - As per UGC Norms
(Fulfilled Suggests Parameters of UGC by IJMER)
Volume:15, Issue:7(1), July 2026
Scopus Review ID: A2B96D3ACF3FEA2A
Article Received: Reviewed: Accepted
Publisher: Sucharitha Publication, India
Online Copy of Article Publication Available: www.ijmer.in

ਗਿੱਲ ਆਧੁਨਿਕਤਾ ਨੂੰ ਮਸ਼ੀਨੀਕਰਨ ਅਤੇ 19ਵੀਂ ਸਦੀ ਦੇ ਦੂਜੇ ਅੱਧ ਦੀ ਰਾਜਸੀ ਜਾਗਰਤੀ ਨਾਲ ਜੋੜਦੇ ਹਨ ਅਤੇ ਆਧੁਨਿਕਤਾ ਪ੍ਰਤੀ ਸਪਸ਼ਟ ਨਹੀਂ ਹੋ ਪਾਉਂਦੇ। ਇਸ ਦਾ ਮੁੱਖ ਕਾਰਨ ਹੈ ਕਿ ਜਦੋਂ ਉਹ ਆਧੁਨਿਕ ਚੇਤਨਾ ਵੱਲ ਜਾਣ ਵਾਲੇ ਨਿਮਨਲਿਖਤ ਪੱਖ ਉਲੀਕਦੇ ਹਨ:

1. ਡਾਰਵਿਨ ਦਾ ਵਿਕਾਸਵਾਦੀ ਸਿਧਾਂਤ
2. ਵਿਗਿਆਨ ਦਾ ਜ਼ਿੰਦਗੀ ਦੇ ਸਮੂਹਿਕ ਪੱਖਾਂ 'ਤੇ ਪ੍ਰਭਾਵ
3. ਮਨੋਵਿਗਿਆਨਿਕ ਖੋਜਾਂ
4. ਕਾਰਲ ਮਾਰਕਸ ਦਾ ਦਵੰਦਾਤਮਕ ਭੌਤਿਕਵਾਦ
5. ਆਇਨਸਟਾਈਨ ਦਾ ਸਾਪੇਖਤਾਵਾਦੀ ਸਿਧਾਂਤ
6. ਸਾਤਰੇ ਦਾ ਅਸਤਿਤਵਵਾਦ

ਉਪਰੋਕਤ ਪੱਖਾਂ ਦੇ ਬਾਵਜੂਦ ਉਹ ਭਾਈ ਵੀਰ ਸਿੰਘ ਨੂੰ ਵਿਸ਼ਾਲ ਅਰਥਾਂ ਵਿੱਚ ਆਧੁਨਿਕ ਪੰਜਾਬੀ ਕਵਿਤਾ ਦਾ ਮੋਢੀ ਆਖਦੇ ਹਨ।

ਇਹ ਡਾ. ਚਰਨ ਸਿੰਘ ਗਿੱਲ ਦੀ ਅਧਿਐਨ ਦੇ ਅੰਤਰ-ਵਿਰੋਧ ਹਨ ਕਿ ਉਹ ਆਧੁਨਿਕਤਾ ਬਾਰੇ ਧਾਰਨਾ ਸਥਾਪਿਤ ਕਰਨ ਸਮੇਂ ਪੂਰਵ-ਨਿਰਧਾਰਿਤ ਧਰਨਾਵਾਂ ਤੋਂ ਬਚ ਨਹੀਂ ਸਕੇ।

ਡਾ. ਰਜਿੰਦਰ ਪਾਲ ਸਿੰਘ ਬਰਾੜ ਆਧੁਨਿਕਤਾ ਦੇ ਸਿਧਾਂਤਕ ਮਸਲਿਆਂ ਨਾਲੋਂ ਜ਼ਿਆਦਾ ਆਧੁਨਿਕ ਅਤੇ ਮੱਧਕਾਲੀ ਸਾਹਿਤ ਦੇ ਤੁਲਨਾਤਮਕ ਅਧਿਐਨ ਵਿੱਚ ਆਧੁਨਿਕਤਾ ਦੇ ਪ੍ਰਮੁੱਖ ਲੱਛਣਾਂ ਦੀ ਨਿਸ਼ਾਨਦੇਹੀ ਕਰਦੇ ਹਨ। ਆਪਣੀ ਪੁਸਤਕ 'ਆਧੁਨਿਕ ਪੰਜਾਬੀ ਕਵਿਤਾ ਦਾ ਇਤਿਹਾਸ' ਵਿੱਚ ਆਧੁਨਿਕਤਾ ਦੇ ਲੱਛਣ ਉਲੀਕਦਿਆਂ ਉਹ ਪੰਜਾਬ ਵਿੱਚ ਆਧੁਨਿਕਤਾ ਨੂੰ ਇੱਥੋਂ ਦੇ ਸਮਾਜ ਅਤੇ ਚੇਤਨਾ ਦੇ ਸਹਿਜ ਵਿਕਾਸ ਦਾ ਸਿੱਟਾ ਨਾ ਹੋਣ ਦੀ ਥਾਂ, ਆਧੁਨਿਕਤਾ ਨੂੰ ਅੰਗਰੇਜ਼ ਬਸਤੀਵਾਦ ਦੀ ਦੇਣ ਮੰਨਦੇ ਹਨ।13 ਇਸ ਤੱਥ ਨੂੰ ਹੋਰ ਸਪਸ਼ਟਤਾ ਨਾਲ ਉਘਾੜਦਿਆਂ ਡਾ. ਜੀਤ ਸਿੰਘ ਜੋਸ਼ੀ ਨਾਲ ਸਾਂਝੀ ਸੰਪਾਦਿਤ ਪੁਸਤਕ 'ਹਾਸ਼ੀਏ ਦੇ ਹਾਸਲ' ਵਿੱਚ ਰਜਿੰਦਰ ਪਾਲ ਸਿੰਘ ਬਰਾੜ ਲਿਖਦੇ ਹਨ:

"ਪੰਜਾਬ ਵਿੱਚ ਅੰਗਰੇਜ਼ੀ ਸਾਮਰਾਜ ਅਤੇ ਆਧੁਨਿਕਤਾ ਨਾਲੋਂ -ਨਾਲ ਆਏ। ਅਸਲ ਵਿੱਚ ਤਾਂ ਪੰਜਾਬ ਵਿੱਚ ਆਧੁਨਿਕਤਾ ਪੰਜਾਬੀ ਸਮਾਜ ਦੇ ਅੰਦਰਲੇ ਵਿਕਾਸ ਦੀ ਥਾਵੇਂ ਅੰਗਰੇਜ਼ੀ ਸਾਮਰਾਜ ਦੇ ਪ੍ਰਭਾਵ ਅਧੀਨ ਅਤੇ ਉਸਦੇ ਹਿਤ ਅਨੁਸਾਰੀ ਹੋ ਕੇ ਆਈ ਹੈ। ਅੰਗਰੇਜ਼ੀ ਬਸਤੀਵਾਦੀਆਂ ਨੇ ਪੰਜਾਬ ਉੱਪਰ ਕਬਜ਼ਾ ਕਿਸੇ ਭਲਾਈ ਲਈ ਨਹੀਂ ਕੀਤਾ ਉਹਨਾਂ ਦਾ ਮੰਤਵ ਤਾਂ ਸਮੁੱਚੀ ਗਲੋਬ ਉਪਰ ਰਾਜਸੀ ਅਤੇ ਫੌਜੀ ਪੱਖ ਤੋਂ ਕਬਜ਼ਾ ਕਰਨਾ, ਆਪਣੀਆਂ ਮੰਡੀਆਂ ਦਾ ਵਿਸਥਾਰ ਕਰਨਾ, ਦੁਨੀਆ ਭਰ ਦੇ ਮਾਲ-ਖਜ਼ਾਨਿਆਂ ਨੂੰ ਲੁੱਟਣਾ ਅਤੇ ਹਰ ਪੱਖ ਤੋਂ ਚੌਧਰ ਕਾਇਮ ਕਰਨਾ ਸੀ। ਇਸ ਲਈ ਉਹਨਾਂ ਨਾਲ ਆਈ ਆਧੁਨਿਕਤਾ ਵੀ ਪੱਛਮੀ ਯੂਰਪੀ ਮੁਲਕਾਂ ਵਰਗੀ ਨਹੀਂ ਸੀ ਜੋ ਯੂਰਪ ਵਿੱਚ ਆਪਣੇ ਨਾਲ ਤਰਕ, ਗਿਆਨ, ਜਮਹੂਰੀਅਤ, ਬਰਾਬਰੀ, ਭਾਈਚਾਰੇ ਅਤੇ ਮਾਨਵਵਾਦ ਵਰਗੇ ਉੱਚ ਮਾਨਵੀ ਗੁਣਾਂ ਦਾ ਮੁਕਤੀ ਮਾਰਗ ਲੈ ਕੇ ਆਈ ਸੀ। ਅੰਗਰੇਜ਼ੀ ਸਾਮਰਾਜੀਆਂ ਨਾਲ ਆਈ ਆਧੁਨਿਕਤਾ ਨੇ ਦਿਖਾਵੇ ਦੇ ਪੱਧਰ ਉੱਪਰ ਤਾਂ ਆਧੁਨਿਕਤਾ ਦੇ ਸਰਬ ਸਾਂਝੇ ਮੁਕਤੀ ਆਦਰਸ਼ਾਂ ਨੂੰ ਪ੍ਰਚਾਰਿਆ ਪਰ ਅਸਲੀਅਤ ਵਿੱਚ ਇਹ ਇੱਥੇ ਮੌਜੂਦ ਪੂਰਵ-ਆਧੁਨਿਕ ਸੰਸਥਾਵਾਂ ਅਤੇ ਵਿਚਾਰਾਂ ਨੂੰ ਆਪਣੇ ਅਨੁਸਾਰ ਵਰਤਣਾ ਅਤੇ ਢਾਲਣਾ ਸ਼ੁਰੂ ਕਰ ਦਿੱਤਾ। ਸੋ ਇਸ ਪ੍ਰਕਾਰ ਇੱਥੇ ਗ੍ਰਹਿਣੀ ਆਧਨਿਕਤਾ ਆਈ ਸੀ।" 14

ਰਜਿੰਦਰ ਪਾਲ ਸਿੰਘ ਬਰਾੜ ਨੇ ਜਿਸ ਨੂੰ ਗ੍ਰਹਿਣੀ ਆਧੁਨਿਕਤਾ ਕਿਹਾ ਹੈ ਡਾ. ਸਰਬਜੀਤ ਸਿੰਘ ਉਸ ਨੂੰ ਡਾ. ਜਸਬੀਰ ਜੈਨ ਦੀ ਧਾਰਨਾ 'ਅਧੀਨ ਮੁਲਕ ਦੀ ਆਧੁਨਿਕਤਾ' ਦੇ ਹਵਾਲੇ ਨਾਲ ਬਸਤੀਵਾਦੀ ਆਧੁਨਿਕਤਾ ਆਖਦੇ ਹਨ। ਉਹ ਲਿਖਦੇ ਹਨ:

"ਬਸਤੀਵਾਦੀ ਪ੍ਰਬੰਧ ਵਿੱਚ ਭਾਰਤੀ ਲੋਕਾਂ ਦੀ ਸਿੱਧੀ ਤਰ੍ਹਾਂ ਕੋਈ ਵੀ ਭਾਗੀਦਾਰੀ ਨਹੀਂ ਸੀ। ਇਹ ਪ੍ਰਬੰਧ ਸਾਮਰਾਜੀ ਲੋਕਾਂ ਅਤੇ ਪ੍ਰਾਥਮਿਕਤਾਵਾਂ ਉੱਪਰ ਕੇਂਦਰਿਤ ਹੈ। ਪਰ ਗੁਣਾਤਮਕ ਤੌਰ 'ਤੇ ਬਸਤੀਵਾਦ ਜਿਹੜੇ ਵਿਗਿਆਨਿਕ ਉਪਕਰਨਾਂ, ਸੰਸਥਾਵਾਂ ਅਤੇ ਪ੍ਰਬੰਧਕੀ ਇਕਾਈਆਂ ਦੀ ਸਿਰਜਣਾ ਕਰਦਾ ਹੈ, ਉਹ ਬਸਤੀਵਾਦੀ ਹਿਤਾਂ ਦੀ ਰੱਖਿਆ-ਸੁਰੱਖਿਆ ਨਾਲ ਸਬੰਧਿਤ ਹੈ। ਇਸ ਕਰਕੇ ਯੂਰਪ ਦੀ ਆਧੁਨਿਕਤਾ ਨੂੰ ਭਾਰਤ ਵਿੱਚ

Cover Page

INTERNATIONAL JOURNAL OF MULTIDISCIPLINARY EDUCATIONAL RESEARCH
ISSN:2277-7881(Print); IMPACT FACTOR :10.16(2026); IC VALUE:5.16; ISI VALUE:2.286
Peer-Peer Reviewed, Refereed & Open Access International Journal - As per UGC Norms
(Fulfilled Suggests Parameters of UGC by IJMER)
Volume:15, Issue:7(1), July 2026
Scopus Review ID: A2B96D3ACF3FEA2A
Article Received: Reviewed: Accepted
Publisher: Sucharitha Publication, India
Online Copy of Article Publication Available: www.ijmer.in


ਵਿਗਿਆਨਿਕ ਆਧੁਨਿਕਤਾ ਨਾਲ ਸਬੰਧਿਤ ਕਰ ਦੇਣਾ ਇਤਿਹਾਸਕ ਅਤੇ ਵਿਚਾਰਧਾਰਕ ਭੁੱਲ ਹੈ। ਯੂਰਪੀਨੀ ਪੱਛਮੀ ਆਧੁਨਿਕਤਾ ਭਾਰਤ ਅੰਦਰ ਬਸਤੀਵਾਦੀ ਆਧੁਨਿਕਤਾ ਵਿੱਚ ਪਲਟ ਜਾਂਦੀ ਹੈ।" 15

ਉਪਰੋਕਤ ਅਧਿਐਨ ਤੋਂ ਸਪਸ਼ਟ ਹੁੰਦਾ ਹੈ ਕਿ ਆਧੁਨਿਕਤਾ ਦਾ ਸਬੰਧ ਦਰਸ਼ਨ ਸ਼ਾਸਤਰ ਨਾਲ ਹੈ। ਇਸ ਨੂੰ ਪੂੰਜੀਵਾਦ ਦੇ ਵਾਹਕ ਜਾਂ ਸਨਅਤ ਕ੍ਰਾਂਤੀ ਦੇ ਪ੍ਰਭਾਵ ਵਜੋਂ ਦੇਖਣਾ ਜਿੱਥੇ ਇੱਕ ਪਾਸੇ ਆਧੁਨਿਕਤਾ ਦਾ ਸਰੂਪ ਧੁੰਦਲਾ ਕਰ ਦਿੰਦਾ ਹੈ ਉੱਥੇ ਦੂਜੇ ਪਾਸੇ ਪੂੰਜੀਵਾਦ ਦੇ ਅੰਤਰ-ਵਿਰੋਧ ਅਤੇ ਵਿਗਾੜ ਵੀ ਅਜਿਹਾ ਕਰਨ ਨਾਲ ਲੁਕ ਜਾਂਦੇ ਹਨ। ਇਹ ਅੰਤਰ-ਵਿਰੋਧ ਅਤੇ ਵਿਗਾੜ ਆਧੁਨਿਕਤਾ ਦੇ ਅੰਤਰ-ਵਿਰੋਧ ਅਤੇ ਵਿਗਾੜ ਲੱਗਣ ਲੱਗਦੇ ਹਨ। ਇਸ ਤਰ੍ਹਾਂ ਪੂੰਜੀਵਾਦ ਆਧੁਨਿਕਤਾ ਨੂੰ ਇੱਕ ਵਿਚਾਰਧਾਰਕ ਹਥਿਆਰ ਵਜੋਂ ਵਰਤਦਾ ਹੈ। ਪੂੰਜੀਵਾਦ ਜਦ ਬਸਤੀਆਂ ਵਿੱਚ ਪਾਸਾਰ ਕਰਦਾ ਹੈ ਤਾਂ ਇਸ ਤਰ੍ਹਾਂ ਦੀ ਮਿੱਥ ਸਿਰਜਦਾ ਹੈ ਕਿ ਬਸਤੀਕਾਰ ਬਸਤੀਕ੍ਰਿਤ ਲੋਕਾਂ ਨੂੰ ਸਭਿਅਕ/ਅਧੁਨਿਕ ਬਣਾਉਣ ਆਏ ਹਨ। ਇਹ ਮਿੱਥ ਬਸਤੀਵਾਦ ਦੁਆਰਾ ਸਿਰਜਿਆ ਐਸਾ ਤਰਕ ਸੀ ਕਿ ਅੱਜ ਵੀ ਬਹੁ-ਗਿਣਤੀ ਲੋਕ (ਜਨ-ਸਧਾਰਨ ਲੋਕ) ਸਮਕਾਲੀ ਰਾਜਨੀਤਕ ਨਿਘਾਰ ਨੂੰ ਦੇਖਦਿਆਂ ਆਖਦੇ ਹਨ ਕਿ ਇਹਨਾਂ ਤੋਂ ਤਾਂ ਅੰਗਰੇਜ਼ ਚੰਗੇ ਸਨ। ਬਸਤੀਵਾਦ ਦੁਆਰਾ ਲਿਆਂਦੀ ਗਈ ਸਿੱਖਿਆ ਪ੍ਰਣਾਲੀ, ਚਿੰਤਨ ਦੇ ਮਾਡਲ ਅਤੇ ਗਿਆਨ ਸ਼ਾਸਤਰ ਦੇ ਨਿਯਮ/ਮਾਪਦੰਡ ਅਜੇ ਵੀ ਸਾਡੇ ਲਈ ਪ੍ਰਮਾਣਕ ਬਣੇ ਹੋਏ ਹਨ।

ਆਧੁਨਿਕਤਾ ਨਾਲ ਜਿਹਨਾਂ ਸੰਸਥਾਵਾਂ, ਮੁੱਲਾਂ ਆਦਿ ਨੂੰ ਜੋੜਿਆ ਜਾਂਦਾ ਹੈ ਜਿਵੇਂ ਨਿੱਜਵਾਦ, ਨਿੱਜੀ ਸੰਪੱਤੀ, ਨਾਗਰਿਕਤਾ, ਰਾਜ, ਰਾਸ਼ਟਰ, ਸੁਤੰਤਰਤਾ, ਪ੍ਰਗਤੀ ,ਸੁਧਾਰ ਆਦਿ ਜਿਵੇਂ ਕਿ ਪਹਿਲਾਂ ਹੀ ਸਪਸ਼ਟ ਹੋ ਚੁੱਕਿਆ ਹੈ ਪੂੰਜੀ/ਸੰਪੱਤੀ ਦੇ ਅਧਿਕਾਰਾਂ ਅਤੇ ਸਾਂਭ-ਸੰਭਾਲ ਲਈ ਹੋਂਦ ਵਿੱਚ ਆਏ ਸੰਕਲਪ ਅਤੇ ਸੰਸਥਾਵਾਂ ਹਨ। ਇਹਨਾਂ ਨੂੰ ਆਧੁਨਿਕਤਾ ਨਾਲ ਜੋੜ ਦੇਣਾ ਵੀ ਇੱਕ ਵਿਚਾਰਧਾਰਕ ਭੁੱਲ ਹੈ।

ਜਿਵੇਂ ਕਿ ਉਪਰ ਸਪਸ਼ਟ ਕੀਤਾ ਹੈ ਕਿ ਖੇਤੀ ਵਿਚ ਸੁਧਾਰ ਦੀ ਲਹਿਰ/ਵਿਚਾਰਧਾਰਾ ਦੇ ਹਵਾਲੇ ਨਾਲ ਇਸ ਸਿਧਾਂਤਕ ਸਮਝ ਦੀ ਅਸਪਸ਼ਟਤਾ ਦੇ ਕਾਰਨ ਲੱਭੇ ਜਾ ਸਕਦੇ ਹਨ। ਦੂਜਾ ਅਹਿਮ ਨੁਕਤਾ ਇਹ ਹੈ ਕਿ ਆਧੁਨਿਕਤਾ ਧਰਮ ਦੀ ਉਸ ਦਾਰਸ਼ਨਿਕ ਦ੍ਰਿਸ਼ਟੀ ਦੇ ਵਿਰੋਧ ਵਜੋਂ ਸਥਾਪਿਤ ਹੁੰਦੀ ਹੈ ਜੋ ਪ੍ਰਕਿਰਤੀ, ਮਨੁੱਖ, ਸਮਾਜ ਆਦਿ ਦੇ ਵਿਕਾਸ ਅਤੇ ਗਿਆਨ ਨੂੰ ਕਿਸੇ ਦੈਵੀ ਸੱਤਾ ਦੁਆਰਾ ਨਿਰਧਾਰਿਤ ਕਰਦੀ ਹੈ। ਧਰਮ ਸੰਪੱਤੀ ਅਤੇ ਰਾਜ ਦੇ ਸਬੰਧ ਕਿਸੇ ਦੈਵੀ ਸੱਤਾ ਦੇ ਹਵਾਲੇ ਨਾਲ ਨਿਰਧਾਰਿਤ ਕਰਦਾ ਹੈ। ਧਰਮ ਅਧਾਰਤ ਸੰਪੱਤੀ, ਰਾਜ, ਅਧਿਕਾਰ, ਯੋਗਤਾ, ਅਵਸਰ ਆਦਿ ਦੇ ਸਬੰਧ ਆਪਣੀਆਂ ਇਤਿਹਾਸਕ ਅਤੇ ਪਦਾਰਥਕ ਪਰਿਸਥਿਤੀਆਂ ਅਨੁਸਾਰ ਪੂੰਜੀਵਾਦ ਅਨੁਸਾਰ ਰੂਪਾਂਤਰਿਤ ਹੁੰਦੇ ਹਨ। ਜਿੱਥੋਂ ਤੱਕ ਪ੍ਰਕਿਰਤੀ, ਸਮਾਜ ਦੇ ਨਿਯਮਾਂ ਨੂੰ ਜਾਣਨ ਦੇ ਧਰਮ ਆਧਾਰਤ ਦਾਰਸ਼ਨਿਕ ਸਵਾਲਾਂ ਦਾ ਸਬੰਧ ਹੈ ਇਹਨਾਂ ਨੂੰ ਆਧੁਨਿਕਤਾ ਤੋੜਦੀ ਹੈ ਅਤੇ ਇਸਦਾ ਵਿਕਲਪ ਪੇਸ਼ ਕਰਦੀ ਹੈ। ਇਸ ਤਰ੍ਹਾਂ ਆਧੁਨਿਕਤਾ ਧਰਮ ਅਤੇ ਪੂੰਜੀਵਾਦ ਤੋਂ ਪੂਰੀ ਤਰ੍ਹਾਂ ਭਿੰਨ ਹੀ ਨਹੀਂ ਉਲਟ ਵੀ ਹੈ। ਪੂੰਜੀਵਾਦ ਅਤੇ ਆਧੁਨਿਕਤਾ ਨੂੰ ਇਕਮਿਕ ਕਰ ਦੇਣ ਦਾ ਕਾਰਨ ਬਸਤੀਵਾਦੀ ਦ੍ਰਿਸ਼ਟੀ ਹੈ ਅਤੇ ਇਸ ਦਾ ਨਤੀਜਾ ਇਹ ਨਿਕਲਦਾ ਹੈ ਕਿ ਪੂੰਜੀਵਾਦ ਆਪਣੇ ਆਪ ਨੂੰ ਕੁਦਰਤੀ ਅਤੇ ਸੁਭਾਵਿਕ ਸਿੱਧ ਕਰ ਦਿੰਦਾ ਹੈ। ਇਹ ਪੂੰਜੀਵਾਦ ਦੀ ਸਜ਼ਿਸ਼ ਹੀ ਹੈ ਕਿ ਪੂਰੀ ਮਨੁੱਖਤਾ ਦੀ ਬੇਹਤਰੀ ਲਈ ਖੋਜੇ ਗਏ ਸਿਧਾਂਤ ਅਤੇ ਹੋਰ ਵਿਗਿਆਨਿਕ ਕਾਢਾਂ ਨੂੰ ਪੂੰਜੀਵਾਦ ਆਪਣੇ ਰੰਗ ਵਿੱਚ ਰੰਗ ਦਿੰਦਾ ਹੈ ਅਤੇ ਇਹ ਪੂਰੀ ਮਨੁੱਖਤਾ ਦੀ ਥਾਂ 'ਤੇ ਇੱਕ ਨਿਸ਼ਚਿਤ ਜਮਾਤ ਦੇ ਹਿੱਤਾਂ ਦਾ ਪੂਰਕ ਬਣ ਗਏ ਹਨ। ਆਧੁਨਿਕਤਾ ਨੂੰ ਵੀ ਇਸੇ ਹਵਾਲੇ ਨਾਲ ਸਮਝਿਆ ਜਾਂਦਾ ਜਾਣਾ ਚਾਹੀਦਾ ਹੈ। ਅਗਲਾ ਨੁਕਤਾ ਜੋ ਬੇਹੱਦ ਮਹੱਤਵਪੂਰਨ ਹੈ ਉਹ ਇਹ ਹੈ ਕਿ ਆਧੁਨਿਕਤਾ ਨੂੰ ਕਾਲ ਨਾਲ ਜੋੜ ਕੇ ਦੇਖਣ ਦੀ ਬਜਾਇ ਵਿਸ਼ੇਸ਼ ਇਤਿਹਾਸਿਕ ਅਤੇ ਭੌਤਿਕ ਪਰਿਸਥਿਤੀਆਂ ਦੇ ਸੰਦਰਭ ਵਿੱਚ ਰੱਖ ਕੇ ਦੇਖਣਾ ਚਾਹੀਦਾ ਹੈ। ਦਰਸ਼ਨ ਦੇ ਖੇਤਰ ਵਿੱਚ ਇਹ ਪ੍ਰਸਥਿਤੀਆਂ ਧਰਮ ਦੇ ਦਰਸ਼ਨ ਉੱਤੇ ਅਧਿਕਾਰ ਦੇ ਵਿਰੋਧ ਵਜੋਂ ਪੈਦਾ ਹੋਈਆਂ। ਖਗੋਲ ਵਿਗਿਆਨ ਵਿੱਚ ਇਹ ਕਾਪਰਨਿਕਸ ਤੋਂ ਸ਼ੁਰੂ ਹੋ ਕੇ ਕਾਰਲ ਮਾਰਕਸ ਦੇ ਸਮਾਜ ਵਿਗਿਆਨ ਦੇ ਸਿਧਾਂਤਾਂ ਤੱਕ ਆਧੁਨਿਕਤਾ ਨੂੰ ਵਿਚਾਰਨਾ ਜ਼ਰੂਰੀ ਹੈ। ਪ੍ਰਕਿਰਤੀ ਅਤੇ ਸਮਾਜ ਦੇ ਵਿਕਾਸ ਦੇ ਨਿਯਮਾਂ ਨੂੰ ਬਾਹਰਮੁਖੀ, ਤਾਰਕਕ ਅਤੇ ਵਿਗਿਆਨਕ ਦ੍ਰਿਸ਼ਟੀ ਤੋਂ ਜਾਣਨਾ ਆਧੁਨਿਕਤਾ ਦਾ ਪ੍ਰਕਾਰਜ ਹੈ। ਇਹਨਾਂ ਨੁਕਤਿਆਂ ਨੂੰ ਅੱਖੋਂ-ਪਰੋਖੇ ਕਰ ਦੇਣ ਨਾਲ ਆਧੁਨਿਕਤਾ ਬਾਰੇ ਉਹੀ ਭ੍ਰਾਂਤੀਆਂ ਪੈਦਾ ਹੁੰਦੀਆਂ ਹਨ ਜੋ ਅਜੇ ਤੱਕ ਪੰਜਾਬੀ ਚਿੰਤਨ 'ਤੇ ਹਾਵੀ ਹਨ। ਇੱਥੇ ਇਹ ਵੀ ਧਿਆਨ ਦੇਣ ਯੋਗ ਹੈ ਕਿ ਆਧੁਨਿਕਤਾ ਨੂੰ ਨਗਰ ਨਾਲ ਜੋੜ ਕੇ ਦੇਖਣ ਨਾਲ ਇਸ ਦਾ ਨਿਰਪੱਖ ਚਰਿੱਤਰ ਖਤਮ ਹੋ ਜਾਂਦਾ ਹੈ। ਇਹ ਨਗਰ, ਦਿਹਾਤ, ਪਰੰਪਰਕ, ਨਵੀਨ ਪ੍ਰਤੀ ਪੱਖ ਵਿਪੱਖ ਦੀ ਧਾਰਨੀ ਨਹੀਂ ਹੈ ਸਗੋਂ ਵਿਸ਼ਵ ਦ੍ਰਿਸ਼ਟੀ ਹੋਣ ਕਰਕੇ ਇੱਕ ਸਮੱਗਰ, ਸਮੁੱਚ ਜਾਂ ਇਕਾਗਰ ਰੂਪ ਵਿੱਚ ਵਰਤਾਰਿਆਂ ਨੂੰ ਜਾਣਨ ਦੀ ਵਿਧੀ ਹੈ। ਇਹ ਬਾਹਰਮੁਖੀ ਅਤੇ ਦਵੰਦਾਤਮਕ ਸੁਭਾਅ ਵਾਲੀ ਹੈ।

ਸੋ ਇਕ ਸੰਕਲਪ ਵਜੋਂ ਕਹਿ ਸਕਦੇ ਹਾਂ ਕਿ ਆਧੁਨਿਕਤਾ ਪ੍ਰਕਿਰਤੀ ਅਤੇ ਸਮਾਜ ਦੇ ਨਿਯਮਾਂ ਨੂੰ ਜਾਣਨ ਦੀ ਦ੍ਰਿਸ਼ਟੀ ਹੈ। ਇਹ ਵਿਗਿਆਨਿਕ ਬਾਹਰਮੁਖੀ, ਤਾਰਕਕ ਅਤੇ ਦਵੰਦਾਤਮਕ ਸੁਭਾਅ ਦੀ ਵੀ ਵਿਸ਼ਵ-ਦ੍ਰਿਸ਼ਟੀ ਹੈ। ਇੱਕ ਦਾਰਸ਼ਨਿਕ ਦ੍ਰਿਸ਼ਟੀ ਹੋਣ ਕਰਕੇ ਆਧੁਨਿਕਤਾ ਧਰਮ ਦੇ



Cover Page

INTERNATIONAL JOURNAL OF MULTIDISCIPLINARY EDUCATIONAL RESEARCH
ISSN:2277-7881(Print); IMPACT FACTOR :10.16(2026); IC VALUE:5.16; ISI VALUE:2.286
Peer-Peer Reviewed, Refereed & Open Access International Journal - As per UGC Norms
(Fulfilled Suggests Parameters of UGC by IJMER)
Volume:15, Issue:7(1), July 2026
Scopus Review ID: A2B96D3ACF3FEA2A
Article Received: Reviewed: Accepted
Publisher: Sucharitha Publication, India
Online Copy of Article Publication Available: www.ijmer.in

ਗਿਆਨ ਸ਼ਾਸਤਰ ਅਤੇ ਪੂੰਜੀਵਾਦ ਦੇ 'ਉਧਾਰ/ਸੁਧਾਰ' ਆਦਿ ਸੰਕਲਪਾਂ ਤੋਂ ਵੱਖ ਹੀ ਨਹੀਂ ਸਗੋਂ ਇਹਨਾਂ ਦੇ ਉਲਟ ਹੈ। ਇਤਿਹਾਸਿਕ ਪੱਖ ਤੋਂ ਇਹ ਸਮੇਂ ਸਥਾਨ ਤੋਂ ਜ਼ਿਆਦਾ ਵਿਸ਼ੇਸ਼ ਇਤਿਹਾਸਿਕ ਪਰਿਸਥਿਤੀਆਂ ਦੀ ਉਪਜ ਹੈ। ਯੂਰਪੀ ਸਾਮੰਤੀ ਵਿਵਸਥਾ ਦੇ ਵਿਘਟਨ ਅਤੇ ਨਵੀਂ ਉਤਪਾਦਨ ਪੱਧਤੀ ਦੇ ਵਿਕਸਿਤ ਹੋ ਕੇ ਸਪਸ਼ਟ ਹੋਣ ਦੇ ਸਮੇਂ ਦੌਰਾਨ ਜਿਵੇਂ ਜਿਵੇਂ ਪਦਾਰਥਕ ਪਰਿਸਥਿਤੀਆਂ ਪ੍ਰਪੱਕ ਹੁੰਦੀਆਂ ਗਈਆਂ ਅਤੇ ਸਮਾਜਕ ਸਬੰਧ ਅਤੇ ਬਣਤਰਾਂ ਨਵੇਂ ਉਤਪਾਦਨੀ ਸਬੰਧਾਂ ਅਨੁਸਾਰ ਸਪਸ਼ਟ ਹੁੰਦੇ ਗਏ ਆਧੁਨਿਕਤਾ ਦਾ ਭੌਤਿਕੀ ਸਰੂਪ ਵੀ ਸਪਸ਼ਟ ਹੁੰਦਾ ਗਿਆ। ਸੰਕ੍ਰਾਂਤੀ ਕਾਲ ਵਿੱਚ ਇਸਦਾ ਰੋਮਾਂਟਿਕ, ਵਿਚਾਰਕ ਅਤੇ ਭਾਵਮਈ ਰੂਪ ਵਧੇਰੇ ਸਪਸ਼ਟ ਹੋਇਆ ਅਤੇ ਕਾਰਲ ਮਾਰਕਸ ਦੇ ਚਿੰਤਨ ਨਾਲ ਇਹ ਆਪਣੇ ਭੌਤਿਕ ਜਾਂ ਵਾਸਤਵਿਕ ਰੂਪ ਵਿੱਚ ਸਪਸ਼ਟ ਤੌਰ 'ਤੇ ਪ੍ਰਗਟ ਹੁੰਦੀ ਹੈ।

ਸੋ ਆਧੁਨਿਕਤਾ ਨੂੰ ਦਾਰਸ਼ਨਿਕ ਦ੍ਰਿਸ਼ਟੀ ਵਜੋਂ ਵਾਚਦਿਆਂ ਇਹ ਧਿਆਨ ਰੱਖਣਾ ਜ਼ਰੂਰੀ ਹੈ ਕਿ ਇਸ ਨੂੰ ਆਪਣੇ ਸਮੇਂ ਦੀ ਸਥਾਪਤ ਵਿਚਾਰਧਾਰਾ ਤੋਂ ਨਿਖੇੜ ਕੇ ਦੇਖਣਾ ਜ਼ਰੂਰੀ ਹੈ। ਇਸ ਦੇ ਨਾਲ ਹੀ ਇੱਕ ਨੁਕਤਾ ਇਹ ਵੀ ਹੈ ਕਿ ਆਧੁਨਿਕਤਾ ਨੂੰ ਜਦੋਂ ਪੂੰਜੀ ਦੇ ਵਾਹਕ ਜਾਂ ਪ੍ਰਭਾਵ ਵਜੋਂ ਦੇਖਦੇ ਹਾਂ ਤਾਂ ਅਸੀਂ ਅਸਲ ਹਕੀਕਤ ਤੋਂ ਹੀ ਪਾਸੇ ਨਹੀਂ ਹੁੰਦੇ ਸਗੋਂ ਕਾਬਜ਼ ਜਮਾਤ ਦੇ ਸਿਰਜੇ ਗਿਆਨ ਦੇ ਹਮਾਇਤੀ ਅਤੇ ਪ੍ਰਚਾਰਕ ਹੋ ਨਿਬੜਦੇ ਹਾਂ। ਦਰਅਸਲ ਆਧੁਨਿਕਤਾ ਇਕ ਅਜਿਹਾ ਦਾਰਸ਼ਨਿਕ ਸੰਕਲਪ ਹੈ ਜਿਸ ਨੂੰ ਢਾਲ ਬਣਾ ਪੂੰਜੀ ਪੂਰੇ ਵਿਸ਼ਵ ਅਤੇ ਪਲਾੜ ਤੱਕ ਫੈਲ ਗਈ ਹੈ। ਪੂੰਜੀ ਆਪਣੇ ਹਿਤਾਂ ਦੀ ਪੂਰਤੀ ਲਈ ਆਧੁਨਿਕਤਾ ਨੂੰ ਆਪਣੇ ਅਧੀਨ ਕਰਦੀ ਹੈ ਅਤੇ ਇਸਦੇ ਸੰਕਲਪ ਤੇ ਸਰੂਪ ਨੂੰ ਆਪਣੇ ਪਸਾਰ ਅਤੇ ਸਾਂਭ-ਸੰਭਾਲ ਲਈ ਪੂਰੀ ਤਰ੍ਹਾਂ ਰੂਪਾਂਤਰਤ ਕਰ ਦਿੰਦੀ ਹੈ। ਸੋ ਆਧੁਨਿਕਤਾ ਦਾ ਅਧਿਐਨ ਵੀ ਆਧੁਨਿਕਤਾ ਵਾਂਗ ਬਾਹਰਮੁਖੀ, ਦਵੰਦਾਤਮਕ ਅਤੇ ਵਿਗਿਆਨਿਕ ਦ੍ਰਿਸ਼ਟੀ ਦੀ ਤਵੱਕੋ ਕਰਦਾ ਹੈ।

**ਹਵਾਲੇ**


1. ਡਾ. ਸਰਬਜੀਤ ਸਿੰਘ, *ਸਾਹਿਤ, ਇਤਿਹਾਸ ਅਤੇ ਵਿਚਾਰਧਾਰਾ*, ਪੰਨੇ 178-179
2. ਡਾ. ਕਰਮਜੀਤ ਸਿੰਘ, *ਆਧੁਨਿਕ ਪੰਜਾਬੀ ਕਾਵਿ ਧਾਰਾਵਾਂ ਦੇ ਵਿਚਾਰਧਾਰਾਈ ਆਧਾਰ*, ਪੰਨਾ-39
3. ਡਾ. ਅਤਰ ਸਿੰਘ, *ਕਾਵਿ ਆਲੋਚਨਾ*, ਪੰਨੇ 18-19
4. ਡਾ. ਕਰਮਜੀਤ ਸਿੰਘ, *ਆਧੁਨਿਕ ਪੰਜਾਬੀ ਕਾਵਿ ਧਾਰਾਵਾਂ ਦੇ ਵਿਚਾਰਧਾਰਾਈ ਆਧਾਰ*, ਪੰਨਾ 40
5. ਡਾ. ਸਰਬਜੀਤ ਸਿੰਘ, *ਸਾਹਿਤ, ਇਤਿਹਾਸ ਅਤੇ ਵਿਚਾਰਧਾਰਾ*,ਪੰਨਾ 183
6. ਉਹੀ, ਪੰਨੇ 178-190
7. ਡਾ. ਧਨਵੰਤ ਕੌਰ, *ਪੰਜਾਬੀ ਗਲਪ ਵਿਚ ਆਧੁਨਿਕ ਸੰਵੇਦਨਾ*, ਪੰਨਾ 1
8. ਉਹੀ, ਪੰਨਾ 2
9. ਰਾਜਪਾਲ ਸਿੰਘ, *ਪੰਜਾਬ ਦੀ ਇਤਿਹਾਸਕ ਗਾਥਾ*, ਪੰਨਾ 11.
10. ਡਾ. ਰਤਨ ਸਿੰਘ ਜੱਗੀ, *ਸਾਹਿਤ ਕੋਸ਼ ਪਾਰਿਭਾਸ਼ਿਕ ਸ਼ਬਦਾਵਲੀ*, ਪੰਨਾ 112
11. ਡਾ. ਅਤੁਲਵੀਰ ਅਰੋੜਾ, *ਆਧੁਨਿਕਤਾ ਕੇ ਸੰਦਰਭ ਮੇਂ ਆਜ ਕਾ ਹਿੰਦੀ ਉਪਨਿਯਾਸ* ਪੰਨਾ 29
12. ਡਾ. ਚਰਨ ਸਿੰਘ ਗਿੱਲ, **ਆਧੁਨਿਕ ਪੰਜਾਬੀ ਕਵਿਤਾ** (ਇੱਕ ਸਰਵੇਖਣ), ਖੋਜ-ਪਤ੍ਰਿਕਾ, ਪੰਨਾ 1
13. ਡਾ. ਰਾਜਿੰਦਰਪਾਲ ਸਿੰਘ ਬਰਾੜ, *ਆਧੁਨਿਕ ਪੰਜਾਬੀ ਕਵਿਤਾ ਦਾ ਇਤਿਹਾਸ*, ਪੰਨਾ 25
14. ਡਾ. ਰਾਜਿੰਦਰਪਾਲ ਸਿੰਘ ਬਰਾੜ, ਡਾ. ਜੀਤ ਸਿੰਘ ਜੋਸ਼ੀ, *ਹਾਸ਼ੀਏ ਦੇ ਹਾਸਲ* 'ਸੰਪਾਦਕੀ' ਪੰਨਾ vii
15. ਡਾ. ਸਰਬਜੀਤ ਸਿੰਘ, *ਸਾਹਿਤ, ਇਤਿਹਾਸ ਅਤੇ ਵਿਚਾਰਧਾਰਾ*, ਪੰਨੇ 187-188